National Research Journal of Social Sciences
Volume-11, Issue-1, January-June 2026
PP: 375-378

ISSN: 2348-473X
Peer Reviewed & Refereed Journal (IF: 6.74)
Journal Website: www.nrjss.in

# ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ

**ਰਜਨੀ**

ਖੋਜਾਰਥੀ
ਪੰਜਾਬੀ ਵਿਭਾਗ,ਪੰਜਾਬੀ ਯੂਨੀਵਰਸਿਟੀ ਪਟਿਆਲਾ

**ਸਾਰ-ਤੱਤ:**

ਗੁਰੂ ਤੇਗ਼ ਬਹਾਦਰ ਜੀ ਦਾ ਭਾਰਤ ਦੀ ਇਤਿਹਾਸਿਕ ਪਰੰਪਰਾ ਅਤੇ ਸਿੱਖ ਧਰਮ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਗੁਰੂ ਤੇਗ਼ ਬਹਾਦਰ ਜੀ ਨੇ 59 ਸ਼ਬਦ ਅਤੇ 57 ਸਲੋਕਾਂ ਦੀ ਰਚਨਾ ਕੀਤੀ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਜਗਤ, ਜੀਵ ਅਤੇ ਮਾਇਆ ਦੀ ਹੋਂਦ ਨੂੰ ਝੂਠ ਮੰਨਿਆ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਵਿਚਾਰ ਹੈ ਕਿ ਸੰਸਾਰ ਨਾਸ਼ਮਾਨ ਹੈ। ਸੰਸਾਰ ਦਾ ਹਰ ਇਕ ਜੀਵ ਜੋ ਪੈਦਾ ਹੁੰਦਾ ਹੈ, ਬਿਨਸਣਹਾਰ ਹੈ। ਇਸ ਜੀਵ ਨਾਲ ਜੁੜੀਆਂ ਹੋਈਆਂ ਪਦਾਰਥਕ ਵਸਤੂਆਂ ਦੀ ਹੋਂਦ ਵੀ ਛਿਣਭੰਗਰ ਹੈ। ਸੱਚ ਤਾਂ ਕੇਵਲ ਉਸ ਪ੍ਰਭੂ ਦੀ ਹੋਂਦ ਹੈ ਜਿਸ ਦੇ ਹੁਕਮ ਨਾਲ ਇਹ ਸਾਰਾ ਕੁਝ ਸਿਰਜਿਆ ਗਿਆ ਹੈ। ਪ੍ਰਭੂ ਦੇ ਸਿਮਰਨ ਦੁਆਰਾ ਹੀ ਮਨੁੱਖ ਇਸ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰ ਸਕਦਾ ਹੈ। ਇਉਂ ਜਗਤ ਅਤੇ ਜੀਵ ਦੋਹਾਂ ਦੀ ਮੂਲ ਸੱਚਾਈ ਹੀ ਨਾਸ਼ਮਾਨਤਾ ਹੈ। ਨਾਸ਼ਮਾਨਤਾ ਸੰਬੰਧੀ ਆਪ ਜੀ ਦੀ ਵਿਚਾਰਧਾਰਾ ਮਨੁੱਖ ਨੂੰ ਆਸ਼ਾਵਾਦੀ ਬਣਾਉਂਦੀ ਹੈ ਅਤੇ ਜੀਵ ਨੂੰ ਸੰਸਾਰ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੀ ਹੈ ਜਿਸ ਨੂੰ ਜੀਵ ਸੱਚ ਸਮਝ ਬੈਠਾ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ ਪ੍ਰਮੁੱਖ ਰੂਪ ਵਿੱਚ ਪ੍ਰਗਟ ਹੋਇਆ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਨਾਸ਼ਮਾਨਤਾ ਦੇ ਸੰਕਲਪ ਨੂੰ ਇਕ ਅਟੱਲ ਸਚਾਈ ਦੇ ਰੂਪ ਵਿੱਚ ਉਘਾੜਿਆ ਹੈ। ਇਸ ਖੋਜ ਪੱਤਰ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਨਾਸ਼ਮਾਨਤਾ ਦੇ ਸੰਕਲਪ ਨੂੰ ਉਭਾਰਨ ਵਾਲੇ ਮਹੱਤਵਪੂਰਨ ਵਿਚਾਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਸ ਨੂੰ ਜੀਵ ਆਪਣੀ ਜਿੰਦਗੀ ਵਿੱਚ ਧਾਰ ਕੇ ਆਪਣੇ ਜੀਵਨ ਦੇ ਅਸਲ ਆਸ਼ੇ ਦੀ ਪ੍ਰਾਪਤੀ ਕਰ ਸਕਦਾ ਹੈ।

**ਮੁੱਖ ਸ਼ਬਦ**: ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ, ਜਗਤ ਤੇ ਜੀਵ ਦੀ ਛਿਣਭੰਗਰੀ ਹੋਂਦ, ਮਾਇਆ ਦਾ ਵਰਨਣ, ਦੁਨੀਆਵੀ ਰਿਸ਼ਤਿਆਂ ਦੀ ਅਸਾਰਥਕਤਾ ਜਾਂ ਸੱਚ, ਮਨੁੱਖ ਨੂੰ ਮੌਤ ਦੀ ਯਾਦ ਕਰਵਾ ਕੇ ਅਤੇ ਬੁਢਾਪੇ ਦੇ ਵਰਨਣ ਦੁਆਰਾ ਪਰਮਾਤਮਾ ਦੀ ਸਥਾਈ ਹੋਂਦ ਬਾਰੇ ਸੁਚੇਤ ਕਰਨਾ ਆਦਿ।

ਗੁਰੂ ਤੇਗ਼ ਬਹਾਦਰ ਜੀ ਦਾ ਭਾਰਤ ਦੀ ਇਤਿਹਾਸਿਕ ਪਰੰਪਰਾ ਅਤੇ ਸਿੱਖ ਧਰਮ ਦੇ ਇਤਿਹਾਸ ਵਿੱਚ ਵਿਸ਼ੇਸ਼ ਸਥਾਨ ਹੈ। ਗੁਰੂ ਤੇਗ਼ ਬਹਾਦਰ ਜੀ ਲਈ ਹਿੰਦ ਦੀ ਚਾਦਰ, ਹਿੰਦ ਦਾ ਪੀਰ, ਮਾਨਵਤਾ ਦੇ ਰੱਖਿਅਕ, ਸ਼ਾਂਤੀ ਦੇ ਪੁੰਜ, ਤੇਗ਼ ਦੇ ਧਨੀ, ਨਿਰਮਾਣਤਾ ਦੇ ਮਾਲਿਕ ਆਦਿ ਵਿਸ਼ੇਸ਼ਣ ਵਰਤੇ ਜਾਂਦੇ ਹਨ। ਗੁਰੂ ਤੇਗ਼ ਬਹਾਦਰ ਜੀ ਦਾ ਸਮੁੱਚਾ ਜੀਵਨ ਪਦਾਰਥਕ ਮੋਹ ਮਾਇਆ ਅਤੇ ਬੰਧਨਾਂ ਤੋ ਮੁਕਤ ਸੀ। ਉਹ ਮਨੁੱਖ ਨੂੰ ਵੀ ਇਨ੍ਹਾਂ ਬੰਧਨਾਂ ਤੋਂ ਛੁਟਕਾਰਾ ਦਿਵਾਉਣ ਲਈ ਜਾਗ੍ਰਿਤ ਕਰਨਾ ਚਾਹੁੰਦੇ ਸਨ ਅਤੇ ਪ੍ਰਭੂ ਦੇ ਅਬਿਨਾਸ਼ੀ ਰੂਪ ਤੋਂ ਜਾਣੂ ਕਰਵਾਉਣਾ ਚਾਹੁੰਦੇ ਸਨ। ਆਪਣੇ ਇਸ ਉਦੇਸ਼ ਦੀ ਪੂਰਤੀ ਲਈ ਗੁਰੂ ਤੇਗ਼ ਬਹਾਦਰ ਜੀ ਨੇ 59 ਸ਼ਬਦ ਅਤੇ 57 ਸਲੋਕਾਂ ਦੀ ਰਚਨਾ ਕੀਤੀ ਹੈ। ਆਪ ਜੀ ਨੇ ਆਪਣੀ ਬਾਣੀ ਵਿੱਚ ਜਗਤ, ਜੀਵ ਅਤੇ ਮਾਇਆ ਦੀ ਹੋਂਦ ਨੂੰ ਝੂਠ ਮੰਨਿਆ ਹੈ। ਗੁਰੂ ਤੇਗ਼ ਬਹਾਦਰ ਜੀ ਦਾ ਵਿਚਾਰ ਹੈ ਕਿ ਸੰਸਾਰ ਨਾਸ਼ਮਾਨ ਹੈ। ਸੰਸਾਰ ਦਾ ਹਰ ਇਕ ਜੀਵ ਜੋ ਪੈਦਾ ਹੁੰਦਾ ਹੈ, ਬਿਨਸਣਹਾਰ ਹੈ। ਇਸ ਜੀਵ ਨਾਲ ਜੁੜੀਆਂ ਹੋਈਆਂ ਪਦਾਰਥਕ ਵਸਤੂਆਂ ਦੀ ਹੋਂਦ ਵੀ ਛਿਣਭੰਗਰ ਹੈ। ਸੱਚ ਤਾਂ ਕੇਵਲ ਉਸ ਪ੍ਰਭੂ ਦੀ ਹੋਂਦ ਹੈ ਜਿਸ ਦੇ ਹੁਕਮ ਨਾਲ ਇਹ ਸਾਰਾ ਕੁਝ ਸਿਰਜਿਆ ਗਿਆ ਹੈ। ਪ੍ਰਭੂ ਦੇ ਸਿਮਰਨ ਦੁਆਰਾ ਹੀ ਮਨੁੱਖ ਇਸ ਸੰਸਾਰ ਰੂਪੀ ਭਵ ਸਾਗਰ ਨੂੰ ਪਾਰ ਕਰ ਸਕਦਾ ਹੈ। ਇਉਂ ਜਗਤ ਅਤੇ ਜੀਵ ਦੋਹਾਂ ਦੀ ਮੂਲ ਸੱਚਾਈ ਹੀ ਨਾਸ਼ਮਾਨਤਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦਾ ਸੰਕਲਪ ਪ੍ਰਮੁੱਖ ਰੂਪ ਵਿੱਚ ਪ੍ਰਗਟ ਹੋਇਆ ਹੈ। ਪਰ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿੱਚ ਨਾਸ਼ਮਾਨਤਾ ਦੇ ਸੰਕਲਪ ਦੀ ਪੇਸ਼ਕਾਰੀ ਸੰਸਾਰ ਤੋਂ ਉਪਰਾਮਤਾ, ਸੰਸਾਰ ਪ੍ਰਤੀ ਨਫਰਤ ਜਾਂ ਇਕਾਂਤਵਾਸ ਹੋ ਜਾਣ ਦੀ ਪ੍ਰੇਰਨਾ ਨਹੀਂ ਦਿੰਦੀ ਸਗੋਂ ਬਾਣੀ ਵਿੱਚ ਇਸ ਦੀ ਪੇਸ਼ਕਾਰੀ ਜਾਂ ਹੋਂਦ ਦਾ ਮੁੱਖ ਮੰਤਵ ਮਨੁੱਖ ਨੂੰ ਆਪਣੇ ਅਸਲ ਆਸ਼ੇ ਦੀ ਪ੍ਰਾਪਤੀ ਪ੍ਰਤੀ ਸੁਚੇਤ ਕਰਨਾ ਹੈ। ਨਾਸ਼ਮਾਨਤਾ ਸੰਬੰਧੀ ਆਪ ਜੀ ਦੀ ਵਿਚਾਰਧਾਰਾ ਮਨੁੱਖ ਨੂੰ ਆਸ਼ਾਵਾਦੀ ਬਣਾਉਂਦੀ ਹੈ ਅਤੇ ਜੀਵ ਨੂੰ ਸੰਸਾਰ ਦੀ ਅਸਲੀਅਤ ਤੋਂ ਜਾਣੂ ਕਰਵਾਉਂਦੀ ਹੈ ਜਿਸ ਨੂੰ ਜੀਵ ਸੱਚ ਸਮਝ ਬੈਠਾ ਹੈ। ਇਸ ਪ੍ਰਸੰਗ ਵਿੱਚ ਡਾ.ਦੀਵਾਨ ਸਿੰਘ (1976:150) ਇਹ ਵਿਚਾਰ ਪ੍ਰਗਟ ਕਰਦੇ ਹਨ ਕਿ " ਗੁਰੂ ਜੀ ਪਾਸ ਨਾਸ਼ਮਾਨਤਾ ਦੇ ਅਨੁਭਵ ਦਾ ਅੰਦੇਸ਼ਾ (ਤੌਖਲਾ) ਵੀ ਹੈ ਅਤੇ ਮਨੁੱਖਤਾ ਦੇ ਇਸ ਅਸਾਧ ਰੋਗ ਦਾ ਸਾਰਥਕ ਦਾਰੂ ਵੀ ਹੈ। ਸਤਿਗੁਰੂ ਸਮਰੱਥ ਪੁਰਸ਼ ਹੈ, ਉਹ ਰੋਗ ਤੋਂ ਵੀ ਜਾਣੂ ਹੈ ਤੇ ਇਲਾਜ ਤੋਂ ਵੀ। ਇਸ ਲਈ ਗੁਰੂ ਸਾਹਿਬ ਕੇਵਲ ਨਾਸ਼ਮਾਨਤਾ ਦੇ ਨਿਸ਼ੇਧਾਤਮਕ ਜਾਂ ਨਕਾਰਾਤਮਕ (Negative) ਸੰਕਲਪ ਨੂੰ ਪੇਸ਼ ਕਰਨ ਵਿੱਚ ਹੀ ਆਪਣੇ ਆਪ ਨੂੰ ਸੀਮਤ ਨਹੀਂ ਕਰਦੇ, ਉਹ ਝੂਠ ਦੀ ਪ੍ਰਤੀਤੀ ਨੂੰ ਰੱਦ ਕਰਕੇ ਆਪਣੀ ਬਾਣੀ ਵਿੱਚ ਪਰਮਾਰਥਕ ਸਚਾਈ ਨੂੰ ਗ੍ਰਹਿਣ ਕਰਨ ਦੀ ਸ਼ਕਤੀਸ਼ਾਲੀ ਪ੍ਰੇਰਨਾ ਕਰਦੇ ਹਨ।" ਸੋ ਸਪਸ਼ਟ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਜਿਥੇ ਮਨੁੱਖੀ ਜੀਵਨ ਦੀ ਅਟੱਲ ਸਚਾਈ ਨਾਸ਼ਮਾਨਤਾ ਦੀ ਪਛਾਣ ਕੀਤੀ ਹੈ ਉਥੇ ਇਸ ਦੇ ਨਿਵਾਰਣ ਲਈ ਯਤਨ ਵੀ ਕੀਤੇ ਹਨ। ਇਉਂ ਇਸ ਖੋਜ ਪੱਤਰ ਵਿੱਚ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਚਲੇ ਨਾਸ਼ਮਾਨਤਾ ਦੇ ਸੰਕਲਪ ਨੂੰ ਉਭਾਰਨ ਵਾਲੇ ਮਹੱਤਵਪੂਰਨ ਵਿਚਾਰਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ ਜਿਸ ਨੂੰ ਜੀਵ ਆਪਣੀ ਜਿੰਦਗੀ ਵਿੱਚ ਧਾਰ ਕੇ ਆਪਣੇ ਜੀਵਨ ਦੇ ਅਸਲ ਆਸ਼ੇ ਦੀ ਪ੍ਰਾਪਤੀ ਕਰ ਸਕਦਾ ਹੈ।


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਤੇਗ਼ ਬਹਾਦਰ ਜੀ ਤੋਂ ਪੂਰਵ ਗੁਰੂਆਂ ਅਤੇ ਗੁਰੂ ਗ੍ਰੰਥ ਸਾਹਿਬ ਦੇ ਭਗਤੀ ਬਾਣੀਕਾਰਾਂ ਨੇ ਬੜੀ ਖੁੱਲ੍ਹ ਕੇ ਨਾਸ਼ਮਾਨਤਾ ਦੇ ਸੰਕਲਪ ਦੀ ਵਿਆਖਿਆ ਕੀਤੀ ਹੈ। ਉਨ੍ਹਾਂ ਨੇ ਆਪਣੇ-ਆਪਣੇ ਦ੍ਰਿਸ਼ਟੀਕੋਣ ਅਨੁਸਾਰ ਨਾਸ਼ਮਾਨਤਾ ਦੇ ਸੰਕਲਪ ਨੂੰ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਦੇ ਨਾਸ਼ਮਾਨਤਾ ਨੂੰ ਪ੍ਰਗਟ ਕਰਨ ਵਿੱਚ ਦ੍ਰਿਸ਼ਟੀਭੇਦ ਜ਼ਰੂਰ ਹੋ ਸਕਦੇ ਹਨ ਪਰੰਤੂ ਉਨ੍ਹਾਂ ਦਾ ਮੂਲ ਆਸ਼ਾ ਸਮਾਨ ਹੈ। ਇਸ ਪ੍ਰਸੰਗ ਵਿੱਚ ਸ਼ੇਖ ਫਰੀਦ ਜੀ ਦਾ ਨਾਸ਼ਮਾਨਤਾਵਾਦੀ ਦ੍ਰਿਸ਼ਟੀਕੋਣ ਬੜਾ ਸਪਸ਼ਟ ਹੈ। ਇਸੇ ਪਰੰਪਰਾ ਨੂੰ ਅੱਗੇ ਤੋਰਦਿਆਂ ਹੋਇਆਂ ਗੁਰੂ ਤੇਗ਼ ਬਹਾਦਰ ਜੀ ਨੇ ਵੀ ਸੰਸਾਰ ਅਤੇ ਸੰਸਾਰਕ ਵਸਤੂਆਂ ਨੂੰ ਨਾਸ਼ਮਾਨ ਮੰਨਦਿਆਂ ਹੋਇਆਂ ਆਪਣੇ ਵਿਚਾਰਾਂ ਨੂੰ ਆਪਣੀ ਬਾਣੀ ਵਿੱਚ ਪ੍ਰਗਟ ਕੀਤਾ ਹੈ। ਇਸ ਪ੍ਰਸੰਗ ਵਿੱਚ ਹਰਦਿਲਜੀਤ ਸਿੰਘ (1993:289) ਦਾ ਵਿਚਾਰ ਹੈ ਕਿ "ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਵਿਸ਼ੇਸ਼ ਸ਼ਲੋਕ ਮਹਲਾ ਨੌਵਾਂ ਵਿੱਚ ਨਾਸ਼ਮਾਨਤਾ ਦਾ ਸੰਕਲਪ ਦੂਸਰੇ ਗੁਰੂ ਕਵੀਆਂ ਦੇ ਮੁਕਾਬਲੇ ਕਿਤੇ ਅਧਿਕ ਹੈ।" ਨਾਸ਼ਮਾਨਤਾ ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਦਾ ਪ੍ਰਧਾਨ ਵਿਸ਼ਾ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਨਾਸ਼ਮਾਨਤਾ ਦੇ ਸੰਕਲਪ ਨੂੰ ਵੱਖ-ਵੱਖ ਪ੍ਰਸੰਗਾਂ-ਜਿਵੇਂ ਜਗਤ ਤੇ ਜੀਵ ਦੀ ਛਿਣਭੰਗਰੀ ਹੋਂਦ, ਮਾਇਆ ਦਾ ਵਰਨਣ, ਦੁਨੀਆਵੀ ਰਿਸ਼ਤਿਆਂ ਦੀ ਅਸਾਰਥਕਤਾ ਜਾਂ ਸੱਚ, ਮਨੁੱਖ ਨੂੰ ਮੌਤ ਦੀ ਯਾਦ ਕਰਵਾ ਕੇ, ਬੁਢਾਪੇ ਦਾ ਵਰਨਣ ਕਰਕੇ ਆਦਿ ਦੇ ਪਰਿਪੇਖ ਵਿੱਚ ਉਘਾੜਨ ਦਾ ਯਤਨ ਕੀਤਾ ਹੈ।

ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਅਤੇ ਖਾਸ ਕਰਕੇ ਸਲੋਕਾਂ ਵਿੱਚ ਸੰਸਾਰ ਦੀ ਨਾਸ਼ਮਾਨਤਾ ਦੇ ਸੱਚ ਨੂੰ ਪ੍ਰਗਟ ਕੀਤਾ ਗਿਆ ਹੈ। ਗੁਰੂ ਜੀ ਆਪਣੀ ਬਾਣੀ ਵਿੱਚ ਇਹ ਸਪਸ਼ਟ ਤੌਰ 'ਤੇ ਪ੍ਰਗਟ ਕਰਦੇ ਹਨ ਕਿ ਸੰਸਾਰ ਵਿੱਚ ਜੋ ਵੀ ਵਸਤੂ ਉਤਪੰਨ ਹੋਈ ਹੈ ਉਸ ਦਾ ਅੰਤ ਹੋਣਾ ਨਿਸ਼ਚਿਤ ਹੈ। ਉਨ੍ਹਾਂ ਅਨੁਸਾਰ ਇਕ ਨਾ ਇਕ ਦਿਨ ਉਸ ਵਸਤੂ ਦੀ ਮਿਆਦ ਖਤਮ ਜ਼ਰੂਰ ਹੁੰਦੀ ਹੈ ਅਤੇ ਸੰਸਾਰ ਵਿੱਚ ਉਸਦੀ ਹੋਂਦ ਵੀ ਨਸ਼ਟ ਹੋ ਜਾਂਦੀ ਹੈ। ਇਸ ਲਈ ਉਨ੍ਹਾਂ ਨੇ ਮਨੁੱਖ ਨੂੰ ਪਦਾਰਥਕ ਵਸਤੂਆਂ ਦਾ ਮੋਹ ਛੱਡ ਕੇ ਪਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ। ਇਸ ਦਾ ਪ੍ਰਗਟਾਵਾ ਉਨ੍ਹਾਂ ਦੇ ਨਿਮਨਲਿਖਤ ਸਲੋਕ ਵਿੱਚ ਹੁੰਦਾ ਹੈ ਜਿਸ ਵਿੱਚ ਉਹ ਸੰਸਾਰਕ ਨਾਸ਼ਮਾਨਤਾ ਦੀ ਭਾਵਨਾ ਪ੍ਰਗਟ ਕਰਕੇ ਮਨੁੱਖ ਨੂੰ ਹਰਿ ਦਾ ਗੁਣਗਾਣ ਕਰਨ ਲਈ ਪ੍ਰੇਰਿਤ ਕਰਦੇ ਹਨ:

ਜੋ ਉਪਜਿਓ ਸੋ ਬਿਨਸੁ ਹੈ ਪਰੋ ਆਜੁ ਕੈ ਕਾਲਿ॥

ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥[1]

ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਨੂੰ ਮਿਥਿਆ ਕਿਹਾ ਹੈ। ਉਨ੍ਹਾਂ ਅਨੁਸਾਰ ਇਹ ਸੰਸਾਰ ਨਾਸ਼ਵਾਨ ਹੈ। ਮਨੁੱਖ ਨੂੰ ਇਹ ਜੋ ਸੰਸਾਰ ਰੂਪੀ ਮਹਿਲ ਦਿਖਾਈ ਦੇ ਰਿਹਾ ਹੈ ਇਹ ਸੱਚ ਨਹੀਂ ਹੈ। ਇਹ ਇਕ ਸੁਪਨਾ ਹੈ ਜਿਸ ਦਾ ਟੁਟਣਾ ਸੁਭਾਵਿਕ ਹੈ। ਇਸ ਦੀ ਹੋਂਦ ਥੋੜ੍ਹ ਚਿਰੀ ਹੈ। ਗੁਰੂ ਜੀ ਅਨੁਸਾਰ ਸੰਸਾਰ ਹੀ ਨਹੀਂ, ਸੰਸਾਰ ਦੀ ਹਰ ਵਸਤੂ ਵੀ ਨਾਸ਼ਵਾਨ ਹੈ। ਗੁਰੂ ਜੀ ਨੇ ਮਨੁੱਖ ਦੇ ਸੰਸਾਰ ਨੂੰ ਸੱਚ ਮੰਨਣ ਦੇ ਭਰਮ ਨੂੰ ਤੋੜਨ ਲਈ ਬਾਰ-ਬਾਰ ਸੁਚੇਤ ਕਰਨ ਲਈ ਕਈ ਰੂਪਕਾਂ ਦੀ ਵਰਤੋਂ ਕੀਤੀ ਹੈ। ਜਿਸ ਰਾਹੀਂ ਗੁਰੂ ਜੀ ਮਨੁੱਖ ਨੂੰ ਇਸ ਸੱਚ ਤੋ ਜਾਣੂ ਕਰਵਾਉਣਾ ਚਾਹੁੰਦੇ ਸਨ ਕਿ ਇਹ ਦਿਸਦਾ ਸੰਸਾਰ ਇਕ ਤਰ੍ਹਾਂ ਦਾ ਭਰਮ ਭੁਲੇਖਾ ਹੈ ਜਿਸ ਵਿੱਚ ਮਨੁੱਖ ਫਸ ਕੇ ਆਪਣੇ ਆਪ ਨੂੰ ਧੋਖਾ ਦੇ ਰਿਹਾ ਹੈ। ਸੱਚ ਤਾਂ ਕੇਵਲ ਪਰਮਾਤਮਾ ਦਾ ਨਾਮ ਹੈ ਜਿਸ ਨੂੰ ਜਪਣ ਦੀ ਪ੍ਰੇਰਨਾ ਗੁਰੂ ਜੀ ਦੁਆਰਾ ਦਿੱਤੀ ਗਈ ਹੈ। ਗੁਰੂ ਜੀ ਨੇ ਇਸ ਜਗਤ ਦੀ ਤੁਲਨਾ ਬੁਲਬੁਲੇ, ਸੁਪਨੇ, ਮ੍ਰਿਗ ਤ੍ਰਿਸ਼ਨਾ, ਟੁਟੇ ਹੋਏ ਭਾਂਡੇ, ਧੂਏ ਦੇ ਪਹਾੜ, ਬੱਦਲ ਦੀ ਛਾਂ ਤੇ ਰੇਤ ਦੀ ਕੰਧ ਨਾਲ ਕੀਤੀ ਹੈ। ਗੁਰੂ ਜੀ ਜਗਤ ਦੀ ਤੁਲਨਾ ਬੁਲਬੁਲੇ ਨਾਲ ਕਰਦੇ ਹੋਏ ਫਰਮਾਉਂਦੇ ਹਨ:

ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥

ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ॥[2]

ਇਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਦੀ ਛਿਣਭੰਗਰੀ ਹੋਂਦ ਨੂੰ ਸੁਪਨੇ ਨਾਲ ਤੁਲਨਾ ਕਰਦਿਆਂ ਹੋਇਆਂ ਇਹ ਕਿਹਾ ਹੈ ਕਿ ਜਿਸ ਤਰ੍ਹਾਂ ਸੁਪਨਾ ਮਿਥਿਆ ਹੁੰਦਾ ਹੈ, ਅਸਥਾਈ ਹੁੰਦਾ ਹੈ ਅਤੇ ਬਿਨਸਣਹਾਰ ਹੁੰਦਾ ਹੈ ਉਸ ਤਰ੍ਹਾਂ ਇਹ ਜਗਤ ਵੀ ਨਾਸ਼ਵਾਨ ਹੈ:

ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ॥[3]

ਇਸ ਤੋਂ ਇਲਾਵਾ ਗੁਰੂ ਤੇਗ਼ ਬਹਾਦਰ ਜੀ ਨੇ ਜਗਤ ਦੀ ਨਾਸ਼ਵਾਨਤਾ ਨੂੰ ਪ੍ਰਗਟ ਕਰਨ ਲਈ ਨਿਮਨਲਿਖਤ ਸਲੋਕ ਵਿੱਚ ਰੇਤ ਦੀ ਕੰਧ ਦਾ ਰੂਪਕ ਵੀ ਵਰਤਿਆ ਹੈ। ਉਨ੍ਹਾਂ ਅਨੁਸਾਰ ਜਿਸ ਤਰ੍ਹਾਂ ਰੇਤ ਦੀ ਕੰਧ ਸਦਾ ਕਾਇਮ ਨਹੀਂ ਰਹਿੰਦੀ ਉਸੇ ਤਰ੍ਹਾਂ ਜਗਤ ਦੀ ਹੋਂਦ ਵੀ ਸਥਿਰ ਨਹੀਂ ਹੈ:

ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥

ਕਹਿ ਨਾਨਕ ਥਿਰ ਨ ਰਹੈ ਜਿਉ ਬਾਲੂ ਕੀ ਭੀਤ॥[4]

ਜਗਤ ਵਿੱਚ ਸਰੀਰਕ ਅਤੇ ਪਦਾਰਥਕ ਸ਼ਕਤੀ ਦੀ ਨਾਸ਼ਮਾਨਤਾ ਪ੍ਰਗਟ ਕਰਨ ਲਈ ਉਨ੍ਹਾਂ ਨੇ ਜਗਤ ਵਿੱਚ ਪ੍ਰਚਲਿਤ ਕਈ ਸ਼ਬਦ-ਸਮੂਹਾਂ ਦਾ ਜ਼ਿਕਰ ਕੀਤਾ ਹੈ। ਰਾਮ ਅਤੇ ਰਾਵਣ ਨੇਕੀ ਅਤੇ ਬਦੀ ਦੇ ਪ੍ਰਤੀਕ ਹਨ ਪਰੰਤੂ ਗੁਰੂ ਜੀ ਨੇ ਆਪਣੀ ਬਾਣੀ ਵਿੱਚ ਇਨ੍ਹਾਂ ਨੂੰ ਨਾਸ਼ਮਾਨਤਾ ਦੇ ਭਾਵ ਵਿੱਚ ਪ੍ਰਗਟਾਉਣ ਲਈ ਅੰਕਿਤ ਕੀਤਾ ਹੈ:

ਰਾਮ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥

ਕਹੁ ਨਾਨਕ ਥਿਰ ਕਛੁ ਨਹੀ ਸੁਪਨੇ ਜਿਉ ਸੰਸਾਰੁ॥[5]


© Copyright @ Authors

ISSN: 2348-473X
Peer Reviewed & Refereed Journal (IF: 6.74)
Journal Website: www.nrjss.in

ਗੁਰੂ ਜੀ ਨੇ ਜਿਥੇ ਜਗਤ ਦੀ ਨਾਸ਼ਮਾਨਤਾ ਨੂੰ ਪ੍ਰਗਟ ਕੀਤਾ ਹੈ ਉਥੇ ਉਹ ਜਗਤ ਵਿੱਚ ਰਹਿ ਰਹੇ ਮਨੁੱਖ ਦੀ ਅਸਥਾਈ ਹੋਂਦ ਨੂੰ ਵੀ ਪ੍ਰਗਟ ਕਰ ਰਹੇ ਹਨ। ਉਨ੍ਹਾਂ ਅਨੁਸਾਰ ਜਗਤ ਨਾਲ ਜੁੜੀ ਹੋਈ ਹਰ ਵਸਤੂ ਜਿਥੇ ਨਾਸ਼ਵਾਨ ਹੈ ਉਥੇ ਮਨੁੱਖ ਦੀ ਹੋਂਦ ਵੀ ਅਸਥਾਈ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਸਰੀਰ ਨਾਲ ਜੁੜੀ ਹੋਈ ਆਤਮਾ ਦਾ ਸਾਥ ਵੀ ਇਸ ਨਾਲ ਹਮੇਸ਼ਾ ਨਹੀਂ ਰਹਿੰਦਾ ਅਤੇ ਸਰੀਰ ਇਕ ਦਿਨ ਉਸ ਦਾ ਵੀ ਸਾਥ ਛੱਡ ਦਿੰਦਾ ਹੈ। ਇਸ ਲਈ ਗੁਰੂ ਜੀ ਮਨੁੱਖੀ ਸਰੀਰ ਨੂੰ ਨਾਸ਼ਵਾਨ ਕਹਿੰਦੇ ਹਨ:

ਜਾਗ ਲੇਹੁ ਰੇ ਮਨਾ ਜਾਗ ਲੇਹੁ ਕਹਾ ਗਾਫਲ ਸੋਇਆ॥[6]

ਜੋ ਤਨੁ ਉਪਜਿਆ ਸੰਗ ਹੀ ਸੋ ਭੀ ਸੰਗਿ ਨਾ ਹੋਇਆ॥

ਇਸੇ ਤਰ੍ਹਾਂ ਜਗਤ ਵਿੱਚ ਮਨੁੱਖ ਨਾਲ ਜੁੜੇ ਹੋਏ ਰਿਸ਼ਤੇ-ਨਾਤਿਆਂ ਦੇ ਪ੍ਰਸੰਗ ਵਿੱਚ ਵੀ ਗੁਰੂ ਜੀ ਕਹਿੰਦੇ ਹਨ ਕਿ ਮਨੁੱਖ ਇਨ੍ਹਾਂ ਰਿਸ਼ਤਿਆਂ ਨਾਲ ਮੋਹ ਮਾਇਆ ਦੇ ਬੰਧਨ ਕਾਰਨ ਫਸਿਆ ਹੋਇਆ ਹੈ ਪਰ ਉਸਨੂੰ ਇਹ ਨਹੀਂ ਪਤਾ ਕਿ ਜਗਤ ਵਿੱਚ ਜੋ ਵੀ ਕੁਝ ਦਿਖਾਈ ਦੇ ਰਿਹਾ ਹੈ। ਇਹ ਸਭ ਮੋਹ ਮਾਇਆ ਦਾ ਵਰਤਾਰਾ ਹੈ। ਮਨੁੱਖ ਨਾਲ ਸੰਬੰਧਿਤ ਇਹ ਦੁਨਿਆਵੀ ਰਿਸ਼ਤੇ ਝੂਠੇ ਹਨ। ਮਨੁੱਖ ਨਾਲ ਜੁੜੇ ਹੋਏ ਇਹ ਰਿਸ਼ਤੇ ਨਾਤੇ ਉਸ ਸਮੇਂ ਤੱਕ ਹੀ ਕਾਇਮ ਰਹਿੰਦੇ ਹਨ ਜਦੋਂ ਤੱਕ ਇਸ ਮਨੁੱਖੀ ਸਰੀਰ ਦੀ ਹੋਂਦ ਕਾਇਮ ਹੈ। ਪਰ ਮਨੁੱਖੀ ਸਰੀਰ ਦਾ ਨਸ਼ਟ ਹੋਣਾ ਸੁਭਾਵਿਕ ਹੈ। ਕਿਉਂਕਿ ਜਗਤ ਤੇ ਜੀਵ ਦਾ ਨਸ਼ਟ ਹੋਣਾ ਅਟੱਲ ਸੱਚਾਈ ਹੈ। ਮਨੁੱਖੀ ਸਰੀਰ ਦੇ ਨਸ਼ਟ ਹੋਣ ਤੋਂ ਬਾਅਦ ਇਸ ਨਾਲ ਜੁੜੇ ਰਿਸ਼ਤੇ ਵੀ ਵਿਅਰਥ ਹੋ ਜਾਂਦੇ ਹਨ। ਜਿਵੇਂ ਮਨੁੱਖ ਦਾ ਸਭ ਤੋਂ ਨੇੜੇ ਦਾ ਰਿਸ਼ਤਾ ਆਪਣੀ ਪਤਨੀ ਨਾਲ ਹੁੰਦਾ ਹੈ ਜੋ ਉਸਦੀ ਅਰਧਅੰਗੀ ਹੁੰਦੀ ਹੈ ਜੋ ਉਸ ਨਾਲ ਹਰ ਕਦਮ ਤੇ ਸਾਥ ਨਿਭਾਉਣ ਦਾ ਦਾਅਵਾ ਕਰਦੀ ਹੈ ਪਰ ਉਸ ਸਮੇਂ ਜਦੋ ਉਹ ਆਪਣਾ ਸਰੀਰ ਛੱਡ ਦਿੰਦੀ ਹੈ ਤਾਂ ਉਸ ਦੇ ਇਹ ਸਾਥ ਨਿਭਾਉਣ ਦੇ ਦਾਅਵੇ ਵਿਅਰਥ ਜਾਪਦੇ ਹਨ। ਗੁਰੂ ਤੇਗ਼ ਬਹਾਦਰ ਜੀ ਮਨੁੱਖ ਨਾਲ ਜੁੜੇ ਹੋਏ ਅਤਿਅੰਤ ਸਨੇਹ ਅਤੇ ਕਰੀਬੀ ਰਿਸ਼ਤੇ ਨੂੰ 'ਘਰ ਕੀ ਨਾਰ' ਕਹਿ ਕੇ ਸੰਬੋਧਿਤ ਕਰਦੇ ਹੋਏ ਫਰਮਾਉਂਦੇ ਹਨ:

ਘਰ ਕੀ ਨਾਰਿ ਬਹੁਤ ਹਿਤ ਜਾ ਸਿਉ ਸਦਾ ਰਹਤ ਸੰਗ ਲਾਗੀ॥

ਜਬ ਹੀ ਹੰਸ ਤਜੀ ਇਹ ਕਾਇਆ ਪ੍ਰੇਤ ਪ੍ਰੇਤ ਕਰਿ ਭਾਗੀ॥[7]

ਜਗਤ ਅਤੇ ਮਨੁੱਖ ਦੇ ਪ੍ਰਸੰਗ ਵਿੱਚ ਕਿਹਾ ਜਾ ਸਕਦਾ ਹੈ ਕਿ ਜਗਤ ਨਾਲ ਜੁੜੀ ਹੋਈ ਹਰ ਵਸਤੂ ਅਤੇ ਹਰ ਜੀਵ ਨਾਸ਼ਵਾਨ ਹੈ। ਮਨੁੱਖ ਆਪਣੀ ਸਾਰੀ ਜਿੰਦਗੀ ਇਨ੍ਹਾਂ ਦੁਨੀਆਵੀ ਪਦਾਰਥਾਂ ਨੂੰ ਇਕੱਠਾ ਕਰਨ ਦੇ ਪਿੱਛੇ ਭੱਜਦਾ ਰਹਿੰਦਾ ਹੈ ਪਰੰਤੂ ਅੰਤ ਵਿੱਚ ਉਸ ਦੇ ਹੱਥ ਕੁਝ ਨਹੀਂ ਲੱਗਦਾ। ਸਰੀਰ ਛੱਡਣ ਵੇਲੇ ਵੀ ਉਸ ਨਾਲ ਕੁਝ ਨਹੀਂ ਜਾਂਦਾ। ਇਉਂ ਜਗਤ ਅਤੇ ਜਗਤ ਨਾਲ ਜੁੜੇ ਹੋਏ ਸਾਰੇ ਵਰਤਾਰੇ ਝੂਠੇ ਅਤੇ ਅਸਥਾਈ ਹਨ। ਕੇਵਲ ਪ੍ਰਭੂ ਦਾ ਨਾਮ ਹੀ ਸਥਿਰ ਹੈ। ਇਸ ਪ੍ਰਸੰਗ ਵਿੱਚ ਡਾ.ਦੀਵਾਨ ਸਿੰਘ (1976:155) ਦਾ ਵਿਚਾਰ ਹੈ ਕਿ "ਜਗਤ ਅਤੇ ਮਨੁੱਖੀ ਜੀਵਨ ਦੋਹਾਂ ਦੀ ਮੂਲ ਸਚਾਈ ਨਾਸ਼ਮਾਨਤਾ ਤੇ ਪ੍ਰੀਵਰਤਨ () ਹੈ। ਕੋਈ ਵਸਤੂ ਸੰਸਾਰ ਵਿੱਚ ਇਕ ਪਲ ਤੋਂ ਵੱਧ ਸਥਿਰਤਾ ਨਹੀਂ ਰੱਖਦੀ ਅਤੇ ਹਰ ਪਲ ਹਰ ਛਿਣ ਚਲੰਤ ਹੈ। ਇਸ ਲਈ ਸਥਿਰਤਾ ਦਾ ਮੂਲੋ ਹੀ ਅਭਾਵ ਹੈ। ਸਥਿਰਤਾ ਕੇਵਲ ਪਰਮਾਤਮਾ ਦੇ ਅਤੇ ਉਸ ਦੇ ਨਾਮ ਵਿੱਚ ਹੀ ਹੈ।" ਇਉਂ ਗੁਰੂ ਜੀ ਦੇ ਉਪਰੋਕਤ ਵਿਚਾਰਾਂ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਜਗਤ ਅਤੇ ਜਗਤ ਨਾਲ ਜੁੜੀ ਹੋਈ ਹਰ ਵਸਤੂ ਨਾਸ਼ਵਾਨ ਹੈ ਕੇਵਲ ਪ੍ਰਭੂ ਦਾ ਨਾਮ ਹੀ ਸਥਾਈ ਹੈ:

ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ॥

ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮ ਕੋ ਸਹੀ॥[8]

ਗੁਰੂ ਤੇਗ਼ ਬਹਾਦਰ ਜੀ ਨੇ ਸੰਸਾਰ ਦੀ ਨਾਸ਼ਮਾਨਤਾ ਅਤੇ ਮਨੁੱਖੀ ਸਰੀਰ ਦੀ ਤੁੱਛਤਾ ਨੂੰ ਪ੍ਰਗਟ ਕਰਨ ਲਈ ਮਾਇਆ ਦੇ ਸੰਕਲਪ ਦੀ ਵਿਆਖਿਆ ਵੀ ਕੀਤੀ ਹੈ। ਮਨੁੱਖ ਮਾਇਆ ਦੇ ਵਿਸ਼ੇ ਵਿਕਾਰਾਂ ਵਿੱਚ ਗ੍ਰਸਿਆ ਰਹਿੰਦਾ ਹੈ। ਉਹ ਮਾਇਆ ਰਾਹੀ ਉਤਪੰਨ ਪਦਾਰਥਕ ਵਸਤੂਆਂ ਨੂੰ ਹਾਸਿਲ ਕਰਨ ਦੀ ਦੌੜ ਵਿੱਚ ਦਿਨ ਰਾਤ ਮਗਨ ਰਹਿੰਦਾ ਹੈ। ਪਰ ਉਹ ਇਸ ਗੱਲ ਤੋਂ ਅਣਜਾਣ ਹੁੰਦਾ ਹੈ ਕਿ ਮਾਇਆ ਦੀ ਹੋਂਦ ਸਦੀਵੀ ਨਹੀਂ ਹੈ, ਇਸ ਦੀ ਹੋਂਦ ਛਿਣਭੰਗਰ ਹੈ, ਨਾਸ਼ਵਾਨ ਹੈ। ਜੋ ਸਦੀਵੀ ਹੈ ਉਸ ਵੱਲ ਮਨੁੱਖ ਦਾ ਧਿਆਨ ਨਹੀਂ ਜਾਂਦਾ ਕਿਉਂਕਿ ਮਨੁੱਖ ਮਾਇਆ ਦੇ ਭਰਮ ਜਾਲ ਵਿੱਚ ਫਸਿਆ ਰਹਿੰਦਾ ਹੈ। ਅਜਿਹੀ ਮਾਇਆ ਵਿੱਚ ਗ੍ਰਸਤ ਮਨੁੱਖ ਨੂੰ ਗੁਰੂ ਜੀ ਨੇ ਅਗਿਆਨੀ ਤੇ ਮੂਰਖ ਕਹਿ ਕੇ ਸੰਬੋਧਿਤ ਕੀਤਾ ਹੈ। ਗੁਰੂ ਜੀ ਅਨੁਸਾਰ ਮਾਇਆ ਦੇ ਰੂਪ ਧਨ, ਇਸਤਰੀ, ਸੰਪਤੀ ਜਿਸ ਨੂੰ ਉਹ ਆਪਣਾ ਸਮਝ ਬੈਠਾ ਹੈ ਇਹ ਸੱਚ ਨਹੀਂ ਹੈ ਕਿਉਂਕਿ ਇਨ੍ਹਾਂ ਵਿੱਚੋਂ ਕੋਈ ਵੀ ਉਸਦਾ ਸਾਥ ਨਹੀ ਦੇਵੇਗੀ:

ਧਨੁ ਦਾਰਾ ਸੰਪਤਿ ਸਗਲ ਜਿਨਿ ਅਪੁਨੀ ਕਰਿ ਮਾਨ॥

ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ॥[9]

ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਮੌਤ, ਨਾਸ਼ਮਾਨਤਾ ਤੇ ਅਨਸਥਿਰਤਾ ਨੂੰ ਇਤਨੀ ਬਰੀਕੀ ਨਾਲ ਚਿਤਰਿਆ ਹੈ, ਕਿ ਮਨੁੱਖ ਬੇਪ੍ਰਵਾਹ ਹੋ ਜਾਂਦਾ ਹੈ, ਨਿਰਭੈ ਹੋ ਉਠਦਾ ਹੈ। ਮਨੁੱਖ ਨੂੰ ਇਸ ਗੱਲ ਦਾ ਗਿਆਨ ਹੋ ਜਾਂਦਾ ਹੈ ਕਿ ਵੱਧ ਤੋਂ ਵੱਧ ਮੌਤ ਹੈ ਤੇ ਮੌਤ ਉਸੇ ਤਰ੍ਹਾਂ ਅਨਿਵਾਰਯ ਹੈ, ਫਿਰ ਇਸ ਤੋਂ ਡਰਨ ਦੀ ਕੀ ਜ਼ਰੂਰਤ ਹੈ। ਇਸ ਪਰਿਪੇਖ ਵਿੱਚ ਰਾਮ ਸਿੰਘ (1976:126) ਇਹ ਵਿਚਾਰ ਪ੍ਰਗਟ ਕਰਦੇ ਹਨ ਕਿ "ਮੌਤ ਦੇ ਆਉਣ ਦਾ ਸਮਾਂ ਭਾਵੇਂ ਸਾਨੂੰ ਪਤਾ ਨਹੀਂ ਹੁੰਦਾ (ਅਚਾਨਕਤਾ) ਪਰ ਇਸ ਦਾ ਅਵੇਰੇ ਸਵੇਰੇ ਸਭ ਲਈ ਆਉਣਾ ਅਤਿਅੰਤ ਨਿਸ਼ਚਿਤ ਬਾਤ ਹੈ (ਆਵਸ਼ਕਤਾ) ਤੇ ਜਦੋਂ ਇਹ ਆ ਜਾਏ ਕੋਈ ਇਸ ਨੂੰ ਰੋਕ ਨਹੀਂ ਸਕਦਾ (ਸ਼ਕਤੀਮਾਨਤਾ)।" ਇਉਂ ਮਨੁੱਖ ਇਸ ਸੱਚ ਤੋਂ ਵਾਕਿਫ ਹੋ ਜਾਂਦਾ ਹੈ ਕਿ ਮੌਤ ਦਾ ਆਉਣਾ ਸੱਚ ਹੈ ਅਤੇ ਜੀਉਣਾ ਝੂਠ। ਉਹ ਆਪਣੇ ਆਪ ਨੂੰ ਇਸ ਵਿਚਾਰ 'ਡੱਟ ਜਾਉ


© Copyright @ Authors

ਤੇ ਮਰੋ' ਅਨੁਸਾਰ ਢਾਲ ਲੈਂਦਾ ਹੈ ਤੇ ਕਿਸੇ ਗੱਲ ਦੀ ਪਰਵਾਹ ਨਹੀਂ ਕਰਦਾ। ਇਸ ਤਰ੍ਹਾਂ ਉਸਦੇ ਅੰਦਰ ਇਸ ਤਰ੍ਹਾਂ ਦੇ ਗਿਆਨ ਦਾ ਬਲ ਤੇ ਸ਼ਕਤੀ ਪੈਦਾ ਹੋ ਜਾਂਦੀ ਹੈ ਜੋ ਉਸਨੂੰ ਦੂਜੇ ਜੀਵਾਂ ਤੋਂ ਵੱਖਰਿਆਉਂਦੀ ਹੈ। ਇਸ ਰਾਹੀਂ ਉਹ ਗਿਆਨੀ ਦਾ ਦਰਜਾ ਹਾਸਿਲ ਕਰ ਲੈਂਦਾ ਹੈ। ਇਸ ਬਲ ਦਾ ਆਧਾਰ ਸਮੁੱਚੀ ਗੁਰੂ ਤੇਗ਼ ਬਹਾਦਰ ਦੀ ਬਾਣੀ ਪੈਦਾ ਕਰਦੀ ਹੈ। ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖ ਨੂੰ ਮੌਤ ਦੀ ਯਾਦ ਕਰਵਾ ਕੇ ਇਸ ਜਗਤ ਅਤੇ ਜਗਤ ਵਿੱਚ ਮੌਜੂਦ ਪਦਾਰਥਕ ਵਸਤੂਆਂ ਤੋਂ ਵਿਰਕਤ ਰਹਿਣ ਦਾ ਸੰਦੇਸ਼ ਦਿੱਤਾ ਹੈ:

ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥

ਚਿਤਵਤ ਰਹਿਓ ਠਗਉਰ ਨਾਨਕ ਫਾਸੀ ਗਲਿ ਪਰੀ॥[10]

ਗੁਰੂ ਤੇਗ਼ ਬਹਾਦਰ ਜੀ ਨੇ ਨਾਸ਼ਮਾਨਤਾ ਦੇ ਸੰਕਲਪ ਨੂੰ ਉਭਾਰਨ ਲਈ ਮਨੁੱਖੀ ਜੀਵਨ ਦੀ ਅਖੀਰਲੀ ਅਵਸਥਾ ਬੁਢਾਪੇ ਦਾ ਵਰਨਣ ਵੀ ਕੀਤਾ ਹੈ। ਮਨੁੱਖੀ ਜੀਵਨ ਦੀਆਂ ਤਿੰਨ ਅਵਸਥਾਵਾਂ ਵਿੱਚੋ ਬੁਢਾਪਾ ਇਕ ਅਜਿਹੀ ਅਵਸਥਾ ਹੈ ਜਿਥੇ ਮਨੁੱਖ ਆਪਣੇ ਆਪ ਨੂੰ ਬੇਵਸ ਮਹਿਸੂਸ ਕਰਦਾ ਹੈ। ਗੁਰੂ ਜੀ ਦੁਆਰਾ ਕੀਤੇ ਗਏ ਬੁਢਾਪੇ ਦੇ ਵਰਨਣ ਤੋਂ ਇਹੀ ਸਪਸ਼ਟ ਹੁੰਦਾ ਹੈ ਕਿ ਮਨੁੱਖੀ ਸਰੀਰ ਦੀ ਅਵਸਥਾ ਵੀ ਇਕੋ ਜਿਹੀ ਨਹੀਂ ਰਹਿੰਦੀ ਅਰਥਾਤ ਸਥਿਰ ਨਹੀਂ ਹੈ। ਜਿਵੇਂ ਬਚਪਨ ਨਹੀਂ ਰਿਹਾ, ਜਵਾਨੀ ਵੀ ਖਤਮ ਹੋ ਗਈ ਤੇ ਅੰਤ ਵਿੱਚ ਦੁੱਖਾਂ ਭਰਿਆ ਬੁਢਾਪਾ ਆਇਆ ਹੈ। ਸੋ ਅੰਤ ਵਿੱਚ ਮਨੁੱਖੀ ਸਰੀਰ ਦਾ ਖਤਮ ਹੋਣਾ ਨਿਸ਼ਚਿਤ ਹੈ। ਕੇਵਲ ਹਰੀ ਦਾ ਨਾਮ ਸਥਿਰ ਹੈ ਪਰੰਤੂ ਮਨੁੱਖ ਇਸ ਸਰੀਰਕ ਅਵਸਥਾ (ਬੁਢਾਪੇ ਵਿੱਚ ਵੀ) ਵਿੱਚ ਵੀ ਆਪਣਾ ਧਿਆਨ ਮੋਹ ਮਾਇਆ ਵਿੱਚ ਉਲਝਾਈ ਰੱਖਦਾ ਹੈ ਅਤੇ ਉਹ ਉਸ ਪਰਮਾਤਮਾ ਦਾ ਨਾਮ ਨਹੀਂ ਜਪਦਾ ਜੋ ਸਦੀਵੀ ਹੈ। ਉਹ ਮਾਇਆ ਦੇ ਮੋਹ ਵਿੱਚ ਇੰਨਾ ਮਗਨ ਹੋ ਜਾਂਦਾ ਹੈ ਕਿ ਉਹ ਸਭ ਕੁਝ ਵਿਸਾਰ ਦਿੰਦਾ ਹੈ। ਜਦਕਿ ਉਸ ਨੂੰ ਇਹ ਗਿਆਨ ਹੋਣਾ ਚਾਹੀਦਾ ਹੈ ਕਿ ਇਸ ਦਿਸਦੇ ਵਰਤਾਰੇ ਦੀ ਹੋਂਦ ਥੋੜ੍ਹੇ ਸਮੇਂ ਲਈ ਹੈ। ਗੁਰੂ ਤੇਗ਼ ਬਹਾਦਰ ਜੀ ਮਨੁੱਖ ਦੀ ਇਸ ਅਵਸਥਾ ਵਿੱਚ ਵੀ ਮੋਹ ਮਾਇਆ ਗ੍ਰਸਤ ਬਿਰਤੀ ਦਾ ਜ਼ਿਕਰ ਕਰਦੇ ਹੋਏ ਫਰਮਾਉਂਦੇ ਹਨ:

ਸਿਰ ਕੰਪਿਓ ਪਗ ਡਗਮਗੈ ਨੈਨ ਜੋਤਿ ਤੇ ਹੀਨ॥

ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸਿ ਲੀਨ॥[11]

ਇਉਂ ਗੁਰੂ ਤੇਗ਼ ਬਹਾਦਰ ਜੀ ਨੇ ਆਪਣੀ ਬਾਣੀ ਵਿੱਚ ਨਾਸ਼ਮਾਨਤਾ ਦੇ ਸੰਕਲਪ ਨੂੰ ਇਕ ਅਟੱਲ ਸਚਾਈ ਦੇ ਰੂਪ ਵਿੱਚ ਉਘਾੜਿਆ ਹੈ। ਗੁਰੂ ਤੇਗ਼ ਬਹਾਦਰ ਜੀ ਦੀ ਸਾਰੀ ਰਚਨਾ ਨੂੰ ਸਮੁੱਚੇ ਰੂਪ ਵਿੱਚ ਦੇਖੀਏ ਤਾਂ ਪ੍ਰਤੀਤ ਹੁੰਦਾ ਹੈ ਕਿ ਉਹ ਜੀਵਨ ਦੀ ਨਾਸ਼ਮਾਨਤਾ, ਮਾਇਆ ਦੀ ਨਾਸ਼ਮਾਨਤਾ, ਤਨ, ਮਨ ਤੇ ਧਨ ਦੀ ਨਾਸ਼ਮਾਨਤਾ, ਮਾਤਾ ਪਿਤਾ, ਸੁਤ-ਬਨਿਤਾ, ਕੁਟੰਬ ਦੀ ਨਾਸ਼ਮਾਨਤਾ ਨੂੰ ਬਾਰ-ਬਾਰ ਦੁਹਰਾ ਕੇ ਮਨੁੱਖ ਨੂੰ ਉਸਦੇ ਅਸਲ ਆਸ਼ੇ ਅਰਥਾਤ ਪਰਮਾਤਮਾ ਦੀ ਪ੍ਰਾਪਤੀ ਲਈ ਪਰਿਪੱਕ ਕਰਨਾ ਚਾਹੁੰਦੇ ਸਨ। ਗੁਰੂ ਜੀ ਮਨੁੱਖ ਨੂੰ ਸੰਸਾਰ ਦੀ ਨਾਸ਼ਮਾਨਤਾ ਦੇ ਸੰਕਲਪ ਬਾਰੇ ਸੁਚੇਤ ਕਰਵਾ ਕੇ ਮਨੁੱਖ ਨੂੰ ਸਹੀ ਤੇ ਸੱਚੇ ਗਿਆਨ ਤੋਂ ਜਾਣੂ ਕਰਵਾਉਣਾ ਚਾਹੁੰਦੇ ਸਨ ਤਾਂ ਜੋ ਉਹ ਅਨਿੱਤ ਤੇ ਅਨਾਦਿ ਦਾ ਜਾਂ ਛਿਣਭੰਗਰ ਤੇ ਸਦੀਵੀ ਦਾ ਨਿਖੇੜਾ ਕਰ ਸਕੇ ਅਤੇ ਇਹ ਜਾਣ ਸਕੇ ਕਿ ਕੇਵਲ ਪਰਮਾਤਮਾ ਹੀ ਸਦੀਵੀ, ਸੱਚ ਤੇ ਅਬਿਨਾਸ਼ੀ ਹੈ। ਗੁਰੂ ਜੀ ਨੇ ਆਪਣੀ ਬਾਣੀ ਵਿੱਚ ਨਾਸ਼ਮਾਨਤਾ ਦਾ ਬਿਆਨ ਕਰਨ ਲਈ ਅਜਿਹੇ ਪ੍ਰਸੰਗਾਂ ਦੀ ਬਾਖੂਬੀ ਵਰਤੋਂ ਕੀਤੀ ਹੈ ਜਿਸ ਤੋਂ ਮਨੁੱਖ ਨੂੰ ਇਸ ਅਸਲੀਅਤ ਦਾ ਗਿਆਨ ਹੋ ਜਾਂਦਾ ਹੈ ਕਿ ਦੁਨੀਆਵੀ ਵਸਤੂਆਂ ਨਾਸ਼ਮਾਨ ਹਨ ਅਤੇ ਕੇਵਲ ਪ੍ਰਭੂ ਦਾ ਨਾਮ ਹੀ ਸੱਚ ਤੇ ਸਥਾਈ ਹੈ। ਮਨੁੱਖ ਨੂੰ ਇਹ ਗਿਆਨ ਹੋ ਜਾਂਦਾ ਹੈ ਕਿ ਪ੍ਰਭੂ ਭਗਤੀ ਦੇ ਮਾਰਗ 'ਤੇ ਚੱਲ ਕੇ ਹੀ ਉਹ ਆਪਣੇ ਜੀਵਨ ਦੇ ਅਸਲ ਮਨੋਰਥ ਦੀ ਪ੍ਰਾਪਤੀ ਕਰ ਸਕਦਾ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਗੁਰੂ ਤੇਗ਼ ਬਹਾਦਰ ਜੀ ਨੇ ਮਨੁੱਖ ਨੂੰ ਨਾਸ਼ਮਾਨਤਾ ਦਾ ਵਿਚਾਰ ਦੇ ਕੇ ਉਸ ਨੂੰ ਬਲਵਾਨ ਤੇ ਸ਼ਕਤੀਸ਼ਾਲੀ ਬਣਾਇਆ ਹੈ ਅਤੇ ਮਨੁੱਖ ਨੂੰ ਅਜਿਹੀ ਸੂਝ ਦਿੱਤੀ ਹੈ ਜਿਸ ਦੁਆਰਾ ਉਹ ਸੰਸਾਰ ਵਿੱਚ ਰਹਿ ਕੇ ਪਰਮਾਤਮਾ ਦੀ ਭਗਤੀ ਤੇ ਪ੍ਰਾਪਤੀ ਕਰ ਸਕਦਾ ਹੈ।

### ਹਵਾਲੇ ਅਤੇ ਟਿੱਪਣੀਆਂ


1. ਗੁਰੂ ਗ੍ਰੰਥ ਸਾਹਿਬ, ਅੰਗ 1429
2. ਉਹੀ, ਅੰਗ 1427
3. ਉਹੀ, ਅੰਗ 1231
4. ਉਹੀ, ਅੰਗ 1429
5. ਉਹੀ, ਅੰਗ 1429
6. ਉਹੀ, ਅੰਗ 726
7. ਉਹੀ, ਅੰਗ 634
8. ਉਹੀ, ਅੰਗ 631
9. ਉਹੀ, ਅੰਗ 1426
10. ਉਹੀ, ਅੰਗ 1428
11. ਉਹੀ, ਅੰਗ 1428



© Copyright @ Authors